# ਚਾਇਲਡ ਕੇਅਰ/ ਸਕੂਲ ਵਿੱਚ ਵਾਪਸੀ - ਪੁਸ਼ਟੀਕਰਣ ਫਾਰਮ

ਕਿਰਪਾ ਕਰਕੇ ਇਸ ਗੱਲ ਦੀ ਪੁਸ਼ਟੀ ਕਰਨ ਲਈ ਇੱਕ ਬਕਸੇ 'ਤੇ ਸਹੀ ਦਾ ਨਿਸ਼ਾਨ ਲਗਾਓ ਕਿ ਤੁਹਾਡਾ ਬੱਚਾ ਚਾਈਲਡ ਕੇਅਰ/ਸਕੂਲ ਵਿੱਚ ਵਾਪਸ ਆਉਣ ਦੇ ਯੋਗ ਹੈ। ਇਸ ਫਾਰਮ 'ਤੇ ਦਸਤਖਤ ਕਰਕੇ, ਤੁਸੀਂ ਇਹ ਤਸਦੀਕ ਕਰ ਰਹੇ ਹੋ ਕਿ ਜਾਣਕਾਰੀ ਸੱਚੀ (ਸਹੀ) ਹੈ।

ਵਿਦਿਆਰਥੀ ਦਾ ਨਾਮ: ______________________________________________

## ਮੇਰਾ ਬੱਚਾ ਬਿਮਾਰ ਸੀ:

☐ ਮੇਰੇ ਬੱਚੇ ਦਾ ਪੀ.ਸੀ.ਆਰ. (PCR) ਟੈਸਟ ਦੀ ਵਰਤੋਂ ਕਰਦਿਆਂ COVID-19 ਦਾ ਨਤੀਜਾ ਨੈਗੇਟਿਵ ਆਇਆ ਹੈ ਅਤੇ ਉਨ੍ਹਾਂ ਦੇ ਲੱਛਣਾਂ ਵਿੱਚ 24 ਘੰਟਿਆਂ (ਦਿਲ-ਘਬਰਾਉਣਾ, ਉਲਟੀ ਆਉਣਾ, ਦਸਤ ਲਈ 48 ਘੰਟੇ) ਤੋਂ ਵੱਧ ਸਮੇਂ ਤੋਂ ਸੁਧਾਰ ਹੋਇਆ ਹੈ। ਨੋਟ: ਰੈਪਿਡ ਐਂਟੀਜੇਨ ਟੈਸਟ ਕਿੱਟ ਨਾਲ ਨੈਗੇਟਿਵ ਟੈਸਟ ਵਾਲੇ ਬੱਚੇ/ਵਿਦਿਆਰਥੀ ਨੂੰ ਚਾਈਲਡ ਕੇਅਰ/ਸਕੂਲ ਵਿੱਚ ਵਾਪਸ ਜਾਣ ਦੀ ਇਜਾਜ਼ਤ ਨਹੀਂ ਮਿਲਦੀ ਹੈ।

☐ ਮੇਰੇ ਬੱਚੇ ਦਾ COVID-19 ਦਾ ਟੈਸਟ ਨਹੀਂ ਹੋਇਆ, ਪਰ ਉਸਨੇ ਲੱਛਣ ਸ਼ੁਰੂ ਹੋਣ ਤੋਂ ਲੈ ਕੇ ਸਵੈ-ਇਕਾਂਤਵਾਸ ਹੋਣ ਦੇ 10 ਦਿਨ ਪੂਰੇ ਕਰ ਲਏ ਹਨ। ਮੇਰੇ ਬੱਚੇ ਨੂੰ ਬੁਖ਼ਾਰ ਨਹੀਂ ਹੁੰਦਾ (ਦਵਾਈਆਂ ਦੀ ਵਰਤੋਂ ਕੀਤੇ ਬਿਨਾਂ) ਅਤੇ ਉਨ੍ਹਾਂ ਦੇ ਲੱਛਣਾਂ ਵਿੱਚ ਘੱਟੋ-ਘੱਟ 24 ਘੰਟਿਆਂ (24 ਘੰਟਿਆਂ ਲਈ ਦਿਲ-ਘਬਰਾਉਣਾ, ਉਲਟੀ ਆਉਣਾ, ਦਸਤ ਲੱਗਣੇ) ਤੋਂ ਵੱਧ ਸਮੇਂ ਤੋਂ ਸੁਧਾਰ ਹੋ ਰਿਹਾ ਹੈ।

☐ ਮੇਰੇ ਬੱਚੇ ਦਾ ਪੀ.ਸੀ.ਆਰ. (PCR) ਟੈਸਟ ਦੀ ਵਰਤੋਂ ਕਰਦਿਆਂ COVID-19 ਦਾ ਨਤੀਜਾ ਸਕਾਰਾਤਮਕ (ਪਾਜ਼ਿਟਿਵ) ਆਇਆ ਹੈ ਅਤੇ ਉਸਨੇ ਲੱਛਣ(ਣ) ਸ਼ੁਰੂ ਹੋਣ (ਜਾਂ ਟੈਸਟ ਕੀਤਾ ਗਿਆ ਸੀ) ਤੋਂ 10 ਦਿਨਾਂ ਦੀ ਸਵੈ-ਇਕਾਂਤਵਾਸ ਦਾ ਸਮਾਂ ਪੂਰਾ ਕਰ ਲਿਆ ਹੈ। ਮੇਰੇ ਬੱਚੇ ਨੂੰ ਹਸਪਤਾਲ ਵਿੱਚ ਦਾਖ਼ਲ ਨਹੀਂ ਕਰਵਾਇਆ ਗਿਆ ਸੀ। ਮੇਰੇ ਬੱਚੇ ਨੂੰ ਬੁਖਾਰ ਨਹੀਂ ਹੁੰਦਾ (ਦਵਾਈਆਂ ਦੀ ਵਰਤੋਂ ਕੀਤੇ ਬਿਨਾਂ), ਅਤੇ ਉਨ੍ਹਾਂ ਦੇ ਲੱਛਣਾਂ ਵਿੱਚ ਸੁਧਾਰ ਹੋ ਰਿਹਾ ਹੈ।।

☐ ਇੱਕ ਸਿਹਤ ਦੇਖਭਾਲ ਪ੍ਰਦਾਤਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮੇਰੇ ਬੱਚੇ ਨੂੰ COVID-19 ਨਹੀਂ ਹੈ ਅਤੇ ਉਸਦੀ ਅਜਿਹੀ ਸਥਿਤੀ ਦਾ ਪਤਾ ਲਗਾਇਆ ਹੈ, ਜੋ COVID-19 ਨਾਲ ਸੰਬੰਧਿਤ ਨਹੀਂ ਹੈ। ਉਨ੍ਹਾਂ ਦੇ ਲੱਛਣਾਂ ਵਿੱਚ 24 ਘੰਟਿਆਂ (24 ਘੰਟਿਆਂ ਲਈ ਦਿਲ-ਘਬਰਾਉਣਾ, ਉਲਟੀ ਆਉਣਾ, ਦਸਤ ਲੱਗਣੇ) ਤੋਂ ਵੱਧ ਸਮੇਂ ਤੋਂ ਸੁਧਾਰ ਹੋ ਰਿਹਾ ਹੈ।

☐ ਮੇਰਾ ਬੱਚਾ ਹੋਰ ਕਾਰਨਾਂ ਕਰਕੇ ਚਾਈਲਡ ਕੇਅਰ/ਸਕੂਲ ਵਿੱਚ ਨਹੀਂ ਸੀ। ਮੇਰਾ ਬੱਚਾ ਬਿਮਾਰ ਨਹੀਂ ਹੈ ਅਤੇ ਉਸਨੂੰ ਬਿਮਾਰੀ ਦੇ ਕੋਈ ਲੱਛਣ ਨਹੀਂ ਹਨ, ਜਿਸ ਵਿੱਚ ਸਾਹ ਦੀ ਲਾਗ ਦੇ ਕੋਈ ਲੱਛਣ ਸ਼ਾਮਲ ਨਹੀਂ ਹਨ।

## ਮੇਰੇ ਘਰ ਵਿੱਚ ਕੋਈ ਵਿਅਕਤੀ (ਉਦਾਹਰਣ ਵਜੋਂ ਮਾਤਾ-ਪਿਤਾ, ਭਰਾ-ਭੈਣ) COVID-19 ਦੇ ਲੱਛਣਾਂ ਨਾਲ ਬਿਮਾਰ ਸੀ:

☐ ਘਰ ਦੇ ਮੈਂਬਰ ਦਾ ਪੀ.ਸੀ.ਆਰ. (COVID-19) ਟੈਸਟ ਦੀ ਵਰਤੋਂ ਕਰਦਿਆਂ COVID-19 ਦਾ ਨਤੀਜਾ ਨੈਗੇਟਿਵ ਆਇਆ ਹੈ, ਅਤੇ ਮੇਰਾ ਬੱਚਾ (ਉਪਰੋਕਤ ਸੂਚੀਬੱਧ ਨਾਮ) ਹੁਣ ਚਾਈਲਡ ਕੇਅਰ/ਸਕੂਲ ਵਾਪਸ ਆ ਸਕਦਾ ਹੈ।

☐ ਘਰ ਦੇ ਮੈਂਬਰ ਕੋਲ ਇੱਕ ਸਿਹਤ ਦੇਖਭਾਲ ਪ੍ਰਦਾਤਾ ਸੀ, ਜਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਉਨ੍ਹਾਂ ਨੂੰ COVID-19 ਨਹੀਂ ਹੈ ਅਤੇ ਉਨ੍ਹਾਂ ਦੀ ਅਜਿਹੀ ਸਥਿਤੀ ਦਾ ਪਤਾ ਲਗਾਇਆ ਹੈ, ਜੋ ਕਿ COVID-19 ਨਾਲ ਸੰਬੰਧਿਤ ਨਹੀਂ ਹੈ। ਉਨ੍ਹਾਂ ਦੇ ਲੱਛਣਾਂ ਵਿੱਚ 24 ਘੰਟਿਆਂ ਤੋਂ ਵੱਧ ਸਮੇਂ ਤੋਂ ਸੁਧਾਰ ਹੋ ਰਿਹਾ ਹੈ। ਮੇਰਾ ਬੱਚਾ (ਉੱਪਰ ਸੂਚੀਬੱਧ ਨਾਮ) ਹੁਣ ਚਾਈਲਡ ਕੇਅਰ/ਸਕੂਲ ਵਿੱਚ ਵਾਪਸ ਆ ਸਕਦਾ ਹੈ।

☐ ਘਰ ਦੇ ਮੈਂਬਰ ਦਾ COVID-19 ਦਾ ਟੈਸਟ ਨਹੀਂ ਕੀਤਾ ਗਿਆ ਹੈ, ਪਰ ਮੇਰੇ ਬੱਚੇ (ਉਪਰੋਕਤ ਸੂਚੀਬੱਧ ਨਾਮ) ਨੇ ਸਵੈ-ਇਕਾਂਤਵਾਸ ਹੋਣ ਦੇ 10 ਦਿਨ ਪੂਰੇ ਕਰ ਲਏ ਹਨ। ਮੇਰਾ ਬੱਚਾ ਬਿਨਾਂ ਕਿਸੇ ਲੱਛਣਾਂ ਤੋਂ ਠੀਕ ਹੈ।

## ਕਿਸੇ ਅਜਿਹੇ ਵਿਅਕਤੀ ਦਾ ਨਜ਼ਦੀਕੀ ਸੰਪਰਕ, ਜਿਸਦਾ COVID-19 ਦਾ ਨਤੀਜਾ ਸਕਾਰਾਤਮਕ (ਪਾਜ਼ਿਟਿਵ) ਆਇਆ ਹੈ:

☐ ਮੇਰਾ ਬੱਚਾ ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਆਇਆ ਸੀ, ਜਿਸਦਾ COVID-19 ਦਾ ਨਤੀਜਾ ਸਕਾਰਾਤਮਕ (ਪਾਜ਼ਿਟਿਵ) ਆਇਆ ਹੈ ਅਤੇ ਜਿਸਨੇ ਸਵੈ-ਇਕਾਂਤਵਾਸ ਹੋਣ ਦੇ 10 ਦਿਨ ਪੂਰੇ ਕਰ ਲਏ ਹਨ। ਮੇਰਾ ਬੱਚਾ ਬਿਨਾਂ ਕਿਸੇ ਲੱਛਣਾਂ ਤੋਂ ਠੀਕ ਹੈ।

☐ ਮੇਰਾ ਬੱਚਾ ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਆਇਆ ਸੀ, ਜਿਸਦਾ COVID-19 ਦਾ ਨਤੀਜਾ ਸਕਾਰਾਤਮਕ (ਪਾਜ਼ਿਟਿਵ) ਆਇਆ ਸੀ। ਮੇਰੇ ਬੱਚੇ ਦਾ ਪੂਰੀ ਤਰ੍ਹਾਂ ਟੀਕਾਕਰਣ* ਹੋ ਗਿਆ ਹੈ। ਮੇਰਾ ਬੱਚਾ ਬਿਨਾਂ ਕਿਸੇ ਲੱਛਣਾਂ ਤੋਂ ਠੀਕ ਹੈ

☐ ਮੇਰਾ ਬੱਚਾ ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਆਇਆ ਸੀ, ਜਿਸਦਾ COVID-19 ਦਾ ਨਤੀਜਾ ਨੈਗੇਟਿਵ ਆਇਆ ਸੀ। ਮੇਰੇ ਬੱਚੇ ਦਾ COVID-19 ਦਾ ਨਤੀਜਾ ਪਿਛਲੇ 90 ਦਿਨਾਂ ਵਿੱਚ ਸਕਾਰਾਤਮਕ (ਪਾਜ਼ਿਟਿਵ) ਆਇਆ ਹੈ ਅਤੇ ਉਸਨੂੰ ਜਨਤਕ ਸਿਹਤ ਦੁਆਰਾ ਮਨਜ਼ੂਰ ਕੀਤਾ ਗਿਆ ਹੈ। ਮੇਰਾ ਬੱਚਾ ਬਿਨਾਂ ਕਿਸੇ ਲੱਛਣਾਂ ਤੋਂ ਠੀਕ ਹੈ

## ਹਾਲ ਹੀ ਵਿੱਚ ਕੈਨੇਡਾ ਤੋਂ ਬਾਹਰ ਦੀ ਯਾਤਰਾ:

☐ ਮੇਰਾ ਬੱਚਾ ਕੈਨੇਡਾ ਤੋਂ ਬਾਹਰ ਦੀ ਯਾਤਰਾ ਤੋਂ ਵਾਪਸ ਆਇਆ ਹੈ। ਮੇਰਾ ਬੱਚਾ 14 ਦਿਨਾਂ ਦੀ ਯਾਤਰਾ ਕੁਆਰੰਟੀਨ ਅਵਧੀ ਲਈ ਘਰੇ ਰਿਹਾ ਹੈ ਅਤੇ ਜ਼ਰੂਰੀ ਹੋਣ 'ਤੇ ਉਸਨੇ ਟੈਸਟਿੰਗ ਪ੍ਰਕਿਰਿਆ ਨੂੰ ਪੂਰਾ ਕੀਤਾ ਹੈ। ਮੇਰਾ ਬੱਚਾ ਬਿਨਾਂ ਕਿਸੇ ਲੱਛਣਾਂ ਤੋਂ ਠੀਕ ਹੈ।

☐ ਮੇਰਾ ਬੱਚਾ ਕੈਨੇਡਾ ਤੋਂ ਬਾਹਰ ਦੀ ਯਾਤਰਾ ਤੋਂ ਘਰ ਵਾਪਸ ਆਇਆ ਹੈ। ਮੇਰੇ ਬੱਚੇ ਦਾ ਕੈਨੇਡਾ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਪੂਰੀ ਤਰ੍ਹਾਂ ਟੀਕਾਕਰਣ* ਹੋ ਗਿਆ ਸੀ ਅਤੇ ਉਸਨੇ ਜ਼ਰੂਰੀ ਹੋਣ 'ਤੇ ਟੈਸਟਿੰਗ ਪ੍ਰਕਿਰਿਆ ਪੂਰੀ ਕਰ ਲਈ ਹੈ। ਮੇਰਾ ਬੱਚਾ ਬਿਨਾਂ ਕਿਸੇ ਲੱਛਣਾਂ ਤੋਂ ਠੀਕ ਹੈ।

COVID-19 ਟੈਸਟ ਦੀ ਮਿਤੀ *(ਜੇਕਰ ਲਾਗੂ ਹੋਵੇ)*: ______________________ *(ਦਿਨ/ਮਹੀਨਾ/ ਸਾਲ)*

## ਮੈਂ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰਾ ਬੱਚਾ ਠੀਕ ਹੈ, ਅਤੇ ਚਾਈਲਡ ਕੇਅਰ/ਸਕੂਲ ਵਿੱਚ ਵਾਪਸ ਆਉਣ ਦੇ ਯੋਗ ਹੈ।

ਮਾਤਾ-ਪਿਤਾ/ਸਰਪ੍ਰਸਤ ਦਾ ਨਾਮ: ______________________

ਦਸਤਖਤ: ______________________ ਮਿਤੀ: ______________ *(ਦਿਨ/ ਮਹੀਨਾ/ ਸਾਲ)*

*COVID-19 ਟੀਕੇ ਦੀ ਲੜੀ ਦੀ ਦੂਜੀ ਖੁਰਾਕ ਪ੍ਰਾਪਤ ਕਰਨ ਤੋਂ ਬਾਅਦ ਜਾਂ ਓਂਟਾਰੀਓ ਸਿਹਤ ਮੰਤਰਾਲੇ ਦੁਆਰਾ ਨਿਰਧਾਰਿਤ ਕੀਤੇ ਅਨੁਸਾਰ ਪੂਰਾ ਟੀਕਾਕਰਣ 14 ਦਿਨ ਜਾਂ ਇਸਤੋਂ ਵੱਧ ਸਮੇਂ ਲਈ ਹੁੰਦਾ ਹੈ।

ਪੂਰਾ ਕੀਤਾ ਫਾਰਮ ਚਾਈਲਡ ਕੇਅਰ/ਡੇਅ ਕੈਂਪ ਆਪਰੇਟਰ ਜਾਂ ਤੁਹਾਡੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਨੂੰ ਵਾਪਸ ਕਰੋ।

*ਕਿਰਪਾ ਕਰਕੇ ਨੋਟ ਕਰੋ: ਇਹ ਫ਼ੈਸਲਾ ਕਰਨਾ ਹਰ ਆਪਰੇਟਰ/ਸਕੂਲ/ਸਕੂਲ ਬੋਰਡ 'ਤੇ ਨਿਰਭਰ ਕਰਦਾ ਹੈ ਕਿ ਕੀ ਉਹ ਇਸ ਫਾਰਮ ਨੂੰ ਸਵੀਕਾਰ ਕਰਨਾ ਅਤੇ ਵਰਤਣਾ ਚੁਣਦੇ ਹਨ ਜਾਂ ਨਹੀਂ।*